Tender Heart High school Sec- 33 B Chd

Class - 9 Teacher- Ramandeep Kaur

Topic - 'ਸਾਂਝੀ ਕੰਧ' (ਪਾਠ - 5) Term- II

ਸ਼ੁੱਭ ਸਵੇਰ

ਵਿਦਿਆਰਥੀਓ ਅੱਜ ਅਸੀਂ ਨੌਵੀਂ ਜਮਾਤ ਦੇ ਪੰਜਾਬੀ ਵਿਸ਼ੇ ਦੀ ਕਹਾਣੀ 'ਸਾਂਝੀ ਕੰਧ' ਜੋ ਕਿ ਸਾਹਿਤ ਕਥਾ ਮੰਡਲ ਵਿੱਚ ਦਰਜ ਹੈ ਬਾਰੇ ਵਿਚਾਰ ਕਰਾਂਗੇ।

ਜਿਵੇਂ ਕਿ ਤੁਸੀਂ ਜਾਣਦੇ ਹੋ ਕਿ ਪਿਛਲੇ ਹਫਤੇ ਅਸੀਂ ਕਹਾਣੀ ਦਾ ਵਿਸ਼ਾ ਤੁਹਾਡੇ ਨਾਲ ਵਿਚਾਰਿਆ ਸੀ। ਇਸ ਹਫਤੇ ਅਸੀਂ ਕਹਾਣੀ ਦੇ ਪਾਤਰਾਂ ਬਾਰੇ ਅਤੇ ਕਹਾਣੀ ਦੇ ਕੁਝ ਖਾਸ ਪਹਿਲੂਆਂ ਬਾਰੇ ਜਾਣਕਾਰੀ ਵਿਚਾਰਾਂਗੇ।

ਆਓ ਹੁਣ ਕਹਾਣੀ ਦੇ ਪਾਤਰਾਂ ਬਾਰੇ ਵਿਚਾਰ ਕਰੀਏ।

ਕਪੂਰ ਸਿੰਘ

'ਕਪੂਰ ਸਿੰਘ' ਕਹਾਣੀ 'ਸਾਂਝੀ ਕੰਧ' ਦਾ ਮੁੱਖ ਪਾਤਰ ਹੈ। ਉਸਦਾ ਮਕਾਨ ਬਰਸਾਤਾਂ ਵਿੱਚ ਢਹਿ ਜਾਂਦਾ ਹੈ ਅਤੇ ਉਸਦਾ ਪਰਿਵਾਰ ਬਹੁਤ ਔਖੀਆਈਆਂ ਸਹਿੰਦਾ ਹੈ। ਕਪੂਰ ਸਿੰਘ ਦੀ ਆਰਥਕ ਹਾਲਤ ਠੀਕ ਨਹੀਂ ਹੈ ਪਰ ਘਰ ਬਿਨ੍ਹਾਂ ਵੀ ਨਹੀਂ ਸਰਦਾ। ਉਹ ਆਪਣੀ ਜ਼ਮੀਨ ਗਹਿਣੇ ਰੱਖ ਕੇ ਘਰ ਬਣਾਉਂਦਾ ਹੈ। ਉਹ ਠੰਡੇ ਸੁਭਾਅ ਦਾ ਹੈ

Class-9 Teacher- Ramandeep Kaur
Topic - 'ਸਾਂਝੀ ਕੰਧ' (ਪਾਠ-5) Term - II

ਅਤੇ ਸਮਝਦਾਰੀ ਵਾਲੀਆਂ ਗੱਲਾਂ ਕਰਦਾ ਹੈ। ਉਹ ਆਪਣੇ ਭਰਾ ਦਰਬਾਰਾ ਸਿੰਘ ਨੂੰ ਬਹੁਤ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ ਪਰ ਉਹ ਨਹੀਂ ਸਮਝਦਾ। ਕਪੂਰ ਸਿੰਘ ਨੂੰ ਪਤਾ ਹੈ ਕਿ ਸਰਪੰਚ ਦਰਬਾਰੇ ਨੂੰ ਭੜਕਾ ਰਿਹਾ ਹੈ ਪਰ ਦਰਬਾਰਾ ਨਹੀਂ ਸਮਝਦਾ।

ਕਪੂਰ ਸਿੰਘ ਭਾਵੇਂ ਗੁਸੈਲ ਨਹੀਂ ਹੈ ਪਰ ਉਹ ਜ਼ਿਆਦਤੀ ਵੀ ਬਰਦਾਸ਼ਤ ਨਹੀਂ ਕਰਦਾ। ਜਦੋਂ ਕੰਧ ਦੀ ਮਿਣਤੀ-ਮਿਣਤੀ ਵਕਤ ਦਰਬਾਰਾ ਉਸਨੂੰ ਗਾਲ੍ਹ ਕੱਢਦਾ ਹੈ ਤਾਂ ਉਹ ਵੀ ਉਸਨੂੰ ਮੋੜਾ ਵੱਟ ਕੇ ਵੰਗਾਰਦਾ ਹੈ ਜਿਸ ਨਾਲ ਦੋਹਾਂ ਧਿਰਾਂ ਵਿਚਕਾਰ ਡਾਂਗਾਂ-ਸੋਟੇ ਚਲਦੇ ਹਨ, ਸਿਰ ਪਾਟਦੇ ਹਨ, ਪਰਚੇ ਦਰਜ ਹੁੰਦੇ ਹਨ ਅਤੇ ਜ਼ਮਾਨਤਾਂ ਹੁੰਦੀਆਂ ਹਨ।

ਕਪੂਰ ਸਿੰਘ ਧੀਰਜ ਰੱਖਣ ਵਾਲਾ ਵਿਅਕਤੀ ਹੈ। ਦਰਬਾਰਾ ਜਦੋਂ ਫੈਸਲੇ ਤੋਂ ਬਾਅਦ ਵੀ ਪੈਸੇ ਨਹੀਂ ਦਿੰਦਾ ਤਾਂ ਉਹ ਧੀਰਜ ਤੋਂ ਕੰਮ ਲੈਂਦਾ ਹੈ।

ਉਹ ਅਖੀਰ ਤੱਕ ਭਾਈਚਾਰਾ ਨਿਭਾਉਂਦਾ ਹੈ। ਜਦੋਂ ਉਸਨੂੰ ਪਤਾ ਲੱਗਦਾ ਹੈ ਕਿ ਦਰਬਾਰਾ ਬਹੁਤ ਬਿਮਾਰ ਹੈ ਤਾਂ ਸਭ ਕੁਝ ਭੁੱਲ ਕੇ ਉਸਦੀ ਖ਼ਬਰ ਲੈਣ ਜਾਂਦਾ ਹੈ ਅਤੇ ਉਸਨੂੰ ਹੌਸਲਾ ਦਿੰਦਾ ਹੋਇਆ ਇਲਾਜ ਕਰਵਾਉਣ ਦੇ ਪੈਸੇ ਵੀ ਦੇ ਕੇ ਆਉਂਦਾ ਹੈ।

ਸੋ ਅਸੀਂ ਕਹਿ ਸਕਦੇ ਹਾਂ ਕਿ ਕਪੂਰ ਸਿੰਘ ਸਮਝਦਾਰ, ਕਬੀਲਦਾਰ, ਝਗੜਾ ਨਾ ਵਧਾਉਣ ਵਾਲਾ ਅਤੇ ਭਾਈਚਾਰਕ ਸਾਂਝ ਨਿਭਾਉਣ ਵਾਲਾ ਇਨਸਾਨ ਹੈ।

Class - 9    Teacher - Ramandeep Kaur

Topic - 'ਸਾਂਝੀ ਕੰਧ' (ਪਾਠ - 5)    Term - II

## ਦਰਬਾਰਾ ਸਿੰਘ

ਦਰਬਾਰਾ 'ਸਾਂਝੀ ਕੰਧ' ਕਹਾਣੀ ਦਾ ਵਿਸ਼ੇਸ਼ ਪਾਤਰ ਹੈ। ਉਹ ਕਪੂਰ ਸਿੰਘ ਦੇ ਭਾਈ ਦਾ ਪੁੱਤ ਹੈ। ਉਸਦੇ ਘਰ ਦੀ ਕੰਧ ਤੇ ਕਪੂਰ ਸਿੰਘ ਦੇ ਘਰ ਦੀ ਕੰਧ ਸਾਂਝੀ ਸੀ। ਬਰਸਾਤਾਂ ਵਿੱਚ ਉਹ ਢਹਿ ਜਾਂਦੀ ਹੈ। ਜਿਸਨੂੰ ਬਣਾਉਣ ਤੋਂ ਇਨਕਾਰ ਕਰਦਾ ਹੈ ਅਤੇ ਹਿੱਸਾ ਦੇਣ ਤੋਂ ਵੀ ਮੂੰਹ ਫੇਰਦਾ ਹੈ। ਉਹ ਕਪੂਰ ਸਿੰਘ ਦੇ ਕਿਸੇ ਵੀ ਫੈਸਲੇ ਨੂੰ ਨਹੀਂ ਮੰਨਦਾ।

ਦਰਬਾਰਾ ਜ਼ਿੱਦੀ ਸੁਭਾਅ ਦਾ ਹੈ। ਉਸਨੇ ਆਪਣਿਆਂ ਬਾਰੇ ਕੀ ਸੋਚਣਾ ਚਾਹੀਦਾ ਹੈ, ਬਾਰੇ ਅਖੀਰ ਵਿੱਚ ਸਮਝ ਆਉਂਦੀ ਹੈ। ਉਹ ਦੂਜਿਆਂ ਦੀਆਂ ਗੱਲਾਂ ਵਿੱਚ ਛੇਤੀ ਆ ਜਾਂਦਾ ਹੈ। ਉਹ ਚੰਨਾ ਸਿੰਘ ਸਰਪੰਚ ਦੀਆਂ ਗੱਲਾਂ ਵਿੱਚ ਆ ਕੇ ਕਪੂਰ ਸਿੰਘ ਨਾਲ ਝਗੜਦਾ ਹੈ। 'ਸਾਂਝੀ ਕੰਧ' ਬਣਾਉਣ ਪਿੱਛੇ ਅੜਦਾ ਹੈ ਅਤੇ ਖਰਚਾ ਵੀ ਨਹੀਂ ਦਿੰਦਾ। ਉਹ ਕਪੂਰ ਸਿੰਘ ਨੂੰ ਬਹੁਤ ਖੱਜਲ-ਖੁਆਰ ਕਰਦਾ ਹੈ। ਕੰਧ ਪਿੱਛੇ ਝਗੜਦਾ ਹੈ ਅਤੇ ਵੈਰ ਪਾ ਕੇ ਬਹਿ ਜਾਂਦਾ ਹੈ। ਪਰ ਪੰਚਾਇਤ ਦਾ ਫੈਸਲਾ ਉਸਨੂੰ ਮੰਨਣਾ ਪੈਂਦਾ ਹੈ।

ਅਖੀਰ ਜਦੋਂ ਉਹ ਨਮੂਨੀਏ ਨਾਲ ਮੰਜੇ ਤੇ ਪੈਂਦਾ ਹੈ ਅਤੇ ਕਪੂਰ ਸਿੰਘ ਹੀ ਉਸਦੀ ਖਬਰ ਨੂੰ ਆਉਂਦਾ ਹੈ ਤੇ ਉਸਦਾ ਇਲਾਜ ਕਰਵਾਉਂਦਾ ਹੈ ਤਾਂ ਉਹ ਆਪਣੀ ਗਲਤੀ ਮੰਨਦਾ ਹੋਇਆ ਕਪੂਰ ਸਿੰਘ ਤੋਂ ਮੁਆਫੀ ਵੀ ਮੰਗਦਾ ਤੇ ਸ਼ਰਮਿੰਦਾ ਵੀ ਹੁੰਦਾ ਹੈ।

Class-9 Teacher- Ramandeep Kaur

Topic-'ਸਾਂਝੀ ਕੰਧ' (ਪਾਠ-5) Term-II

ਸੋ ਅਸੀਂ ਕਹਿ ਸਕਦੇ ਹਾਂ ਕਿ ਭਾਂਵੇ ਦਸੌਂਧਾ ਅੜੀਅਲ, ਜ਼ਿੱਦੀ ਅਤੇ ਦੂਜਿਆਂ ਦੀਆਂ ਗੱਲਾਂ ਵਿੱਚ ਆਉਣ ਵਾਲਾ ਸੀ ਪਰ ਅਖੀਰ ਵਿੱਚ ਉਸਨੂੰ ਆਪਣੀ ਗਲਤੀ ਦਾ ਅਹਿਸਾਸ ਹੁੰਦਾ ਹੈ ਅਤੇ ਉਹ ਕਪੂਰ ਸਿੰਘ ਤੋਂ ਮੁਆਫ਼ੀ ਵੀ ਮੰਗਦਾ ਹੈ।

ਸਾਨੂੰ ਕਹਾਣੀ ਪੜ੍ਹਨ ਤੋਂ ਬਾਅਦ ਇਹ ਸਿੱਖਿਆ ਮਿਲਦੀ ਹੈ ਕਿ ਘਰੇਲੂ ਗੱਲਾਂ ਆਪਸ ਵਿੱਚ ਹੀ ਸੁਲਝਾ ਲੈਣੀਆਂ ਚਾਹੀਦੀਆਂ ਹਨ। ਝਗੜੇ ਵਧਾ ਕੇ ਆਪਣਿਆਂ ਨਾਲ ਵੈਰ ਨਹੀਂ ਪਾਉਣਾ ਚਾਹੀਦਾ। ਦੂਜਿਆਂ ਦੀਆਂ ਗੱਲਾਂ ਵਿੱਚ ਨਹੀਂ ਆਉਣਾ ਚਾਹੀਦਾ। ਔਖੇ ਸਮੇਂ ਆਪਣੇ ਹੀ ਆਪਣਿਆਂ ਦੇ ਕੰਮ ਆਉਂਦੇ ਹਨ ਲੋਕ ਤਾਂ ਸਿਰਫ਼ ਤਮਾਸ਼ਾ ਹੀ ਵੇਖਦੇ ਹਨ। ਰਿਸ਼ਤੇ ਤੋੜਣੇ ਸੌਖੇ ਹਨ ਪਰ ਬਣਾਉਣੇ ਔਖੇ ਹਨ। ਇਹਨਾਂ ਨੂੰ ਨਿਭਾਉਣਾ ਸਿੱਖੋ।

Class-9 Teacher- Ramandeep Kaur

Topic-'ਮਾਂਗੀ ਰੋਬ' (ਪਾਠ-5) Term- II

1. ਜੁੱਤੀ ਹੇਠਾਂ ਆਉਣਾ - ਅਧੀਨ ਹੋਣਾ
2. ਟੁੰਡਾ - ਜਿਸਦੀ ਇੱਕ ਬਾਂਹ ਨਾ ਹੋਵੇ
3. ਘਿਰ-ਘਿਰ ਕਰਨਾ - ਮਿੰਨਤਾਂ ਕਰਨੀਆਂ।
4. ਅੜਿੱਕਾ - ਰੁਕਾਵਟ
5. ਆਟੇ ਦਾ ਸ਼ੀਂਹ - ਜ਼ਿੱਦੀ
6. ਉੱਤ ਨੂੰ ਮੁਕਾ ਦੇ - ਗੁੱਸਾ ਛੱਡ ਦੇ
7. ਹਰਜਾਨਾ - ਜ਼ੁਰਮਾਨਾ
8. ਲਿੱਸਾ - ਕਮਜ਼ੋਰ ਹੋਣਾ
9. ਉਲਝ ਪੈਣਾ - ਆਪਸ ਵਿੱਚ ਲੜਨਾ
10. ਟੱਲੀ ਵਰਗਾ ਘਰ - ਨਵਾਂ ਨਕੋਰ
11. ਰਾਜ - ਘਰ ਬਣਾਉਣ ਵਾਲੇ ਮਿਸਤਰੀ
12. ਪੁੱਜਤ - ਪੈਸਾ ਲਾਉਣ ਦੀ ਹਿੰਮਤ
13. ਹਿੱਕ ਤੇ ਸੱਪ ਲਿਟਣਾ - ਹੋਰ ਦੁਖੀ ਹੋਣਾ
14. ਚੀਕ-ਚਿਹਾੜਾ - ਰੌਲਾ ਪੈ ਜਾਣਾ

Class- 9 Teacher- Ramandeep Kaur

Topic- 'ਸਾਂਝੀ ਕੰਧ' (ਪਾਠ-5) Term- II

15 ਕੂੜ ਫਣਿਆ - ਆਪਸ ਵਿੱਚ ਬਹੁਤ ਗਾਲ੍ਹਾਂ ਕੱਢਣੀਆਂ।

16 ਝੱਜੂ - ਲੜਾਈ ਝਗੜਾ

17 ਮੁੱਕਮਲਾ - ਇਲਜ਼ਾਮ ਕਰਨਾ

18 ਭੁੰਜੇ ਲਹਿਣਾ - ਮਰਨ ਕਿਨਾਰੇ ਹੋਣਾ

19 ਨਹੁੰਆਂ ਨਾਲੋਂ ਮਾਸ ਨਹੀਂ ਟੁੱਟਦਾ - ਆਪਣਿਆਂ ਨਾਲੋਂ ਰਿਸ਼ਤਾ ਸੌਖੇ ਨਹੀਂ ਟੁੱਟਦਾ।

20 ਤਿਗ - ਸ਼ਰੀਰ

21 ਹੂਕ ਉੱਠੀ - ਮਨ ਭਰ ਆਉਣਾ

ਸੋ ਵਿਦਿਆਰਥੀਓ ਤੁਸੀਂ ਇਹਨਾਂ ਸ਼ਬਦਾਂ ਦੇ ਅਰਥਾਂ ਨੂੰ ਸਮਝਣਾ ਹੈ ਅਤੇ ਯਾਦ ਕਰਨਾ ਹੈ। ਇਹਨਾਂ ਅਰਥਾਂ ਨਾਲ ਹੀ ਤੁਸੀਂ ਕਹਾਣੀ ਦਾ ਵਿਸ਼ਾ ਸੌਖੇ ਸਮਝ ਸਕਦੇ ਹੋ।

ਧੰਨਵਾਦ

(Last page)